# ਸਾਰੇ ਵਿਅਕਤੀ ਜੋ ਰਿਚਮੰਡ ਸੁਸਾਇਟੀ ਫਾਰ ਕਮੀਊਨਿਟੀ ਲੀਵਿੰਗ ਅਡਲਟ ਪਰੋਗਰਾਮ ਵਿੱਚ ਹਿੱਸਾ ਲੈ ਰਹੇ ਹਨ, ਇਸਦੇ ਹੱਕਦਾਰ ਹਨ:

**ਇਕ ਵਿਅਕਤੀ ਦੇ ਤੌਰ ਤੇ ਜਾਣੇ ਜਾਣ ਦਾ ਅਧਿਕਾਰ;**

**ਰਜ਼ਾਮੰਦੀ ਦਾ ਅਧਿਕਾਰ;**

**ਯੋਗ ਪੁਸ਼ਟ ਆਹਾਰ ਅਤੇ ਡਾਕਟਰੀ ਦੇਖ ਭਾਲ ਦਾ ਅਧਿਕਾਰ;**

**ਅਣਗਹਿਲੀ, ਜ਼ੁਲਮ, ਦੁਰਵਿਹਾਰ, ਸ਼ੋਸ਼ਣ, ਬੇਇਜ਼ਤੀ, ਬਦਲਾ ਅਤੇ ਮਖੌਲ ਉਡਾਉਣ ਵਾਲੀਆਂ ਗਲਾਂ ਦੇ ਵਿਰੁਧ ਵਚਾਉ ਦਾ ਅਧਿਕਾਰ;**

ਵਿਹਲ ਅਤੇ ਦਿਲ ਪਰਚਾਵੇ ਦੇ ਪੂਰੇ ਮੌਕਿਆਂ ਦਾ ਅਧਿਕਾਰ;

ਵੱਡੀ ਦੁਰਘਟਨਾ ਦੇ ਸਮੇਂ ਰਾਹਤ ਪ੍ਰਾਪਤ ਕਰਨ ਵਾਲਿਆਂ ‘ਚੋਂ ਪਹਿਲ ਦਾ ਅਧਿਕਾਰ;

ਸਮਾਜ ਦਾ ਜਾਗਰੂਕ ਮੈਂਬਰ ਹੋਣਾ ਅਤੇ ਆਪਣੀਆਂ ਯੋਗਤਾਵਾਂ ਨੂੰ ਪੂਰੀ ਤਰਾਂ ਵਿਕਸਤ ਕਰਨ ਦਾ ਅਧਿਕਾਰ;

ਵਿਚਾਰਾਂ ਦੀ ਅਜ਼ਾਦੀ ਅਤੇ ਵਿਚਾਰ ਪ੍ਰਗਟ ਕਰਨ ਦੀ ਅਜ਼ਾਦੀ ਦਾ ਅਧਿਕਾਰ; ਉਹ ਫੈਸਲਿਆਂ ਵਿੱਚ ਹਿੱਸਾ ਲੈਣ ਦਾ ਅਧਿਕਾਰ ਜਿਹੜੇ ਵਿਅਕਤੀ ਦੀ ਵਧ ਤੋਂ ਵਧ ਯੋਗਤਾ ਨੂੰ ਪ੍ਰਭਾਵਿਤ ਕਰਦੇ ਹਣ, ਵਿੱਚ ਹਿੱਸਾ ਲੈਣ ਦਾ ਅਧਿਕਾਰ ( ਜੀਵਨ ਪਲਾਨ, ਵਿੱਦਿਅਕ ਪੇਸ਼ੇ, ਰੁਜ਼ਗਾਰ, ਦਿਲ–ਪਰਚਾਵਾ ਅਤੇ ਵਿਹਲੇ ਸਮੇਂ ਦੀਆਂ ਗਤੀਵਿਧੀਆਂ ਆਦਿ );

ਉੱਚ ਪੱਧਰ ਦੇ ਨਾਲ ਜੁੜੀਆਂ ਸੇਵਾਵਾਂ ਦੀ ਪਹੁੰਚ, ਅਤੇ ਭਿੰਨਤਾ ਨੂੰ ਮਾਣ ਦੇਣ ਵਾਲੀਆਂ ਸੇਵਾਵਾਂ ਅਤੇ ਜ਼ਰੂਰਤਾਂ ਨੂੰ ਪੂਰਾ ਕਰਨ ਦਾ ਅਧਿਕਾਰ

ਆਪਣੇ ਜੀਵਨ ਢੰਗ ਨੂੰ ਚੁਨਣਾ ਅਤੇ ਇਸ ਚੋਣ ਦਾ ਮਾਣ ਪ੍ਰਾਪਤ ਕਰਨ ਦਾ ਅਧਿਕਾਰ ( ਜਿਵੇਂ ਕੀ ਮਨੋਰੰਜਨ, ਲੋਕ ਜਿਸ ਨਾਲ ਉਹ ਰਹਿੰਦਾ / ਰਹਿੰਦੀ ਹੈ, ਸੁਤੰਤਰ ਤੌਰ ਤੇ ਰਹਿਣਾ ਆਦਿ ); ਇਜ਼ਤ ਦਰਸਾਉਣ ਵਾਲੇ ਗਲ ਕਰਨ ਦੇ ਢੰਗ ਦਾ ਅਧਿਕਾਰ;

ਇਕ ਭਾਸ਼ਾ ਵਿੱਚ ਸੰਪਰਕ ਕਰਨਾ ਜਾਂ ਉਸ ਨਾਲ ਆਪਣੇ ਆਪ ਨੂੰ ਵੱਧ ਤੋਂ ਵੱਧ ਸੁਤੰਤਰ ਮਹਿਸੂਸ ਕਰਨ ਦਾ ਅਧਿਕਾਰ;

ਮੌਜੂਦ ਸੇਵਾਵਾਂ ਦੀ ਜਾਣਕਾਰੀ ਪ੍ਰਾਪਤ ਕਰਨ ਦਾ ਅਧਿਕਾਰ;

ਸਰਲ ਭਾਸ਼ਾ ਵਿੱਚ ਜਾਣਕਾਰੀ ਪ੍ਰਾਪਤ ਕਰਨ ਦਾ ਅਧਿਕਾਰ;

ਹਰੇਕ ਵਿਅਕਤੀ ਦੇ ਯੋਗਦਾਨਾਂ ਦਾ ਮਾਣ ਅਤੇ ਮੁਲਾਂਕਣ ਰੱਖਣ ਦਾ ਅਧਿਕਾਰ;

ਉਹਨਾਂ ਗੱਲਾਂ ਨੂੰ ਮੰਨਣਾ, ਮਾਣ ਦੇਣਾ ਅਤੇ ਸਮਰਥਨ ਕਰਨਾ ਜੋ ਹਰ ਵਿਅਕਤੀ ਲਈ ਮੱਹਤਵਪੂਰਨ ਹੋਣ, ਦਾ ਅਧਿਕਾਰ ( ਜਿਵੇਂ ਦੋਸਤ, ਪਰਿਵਾਰ, ਇਥਾਵਾਂ, ਸੁਪਨੇ, ਮਨਪਸੰਦ ਲੋਕਾਂ ਨਾਲ ਰਹਿਣਾ, ਚੰਗੇ ਆਣ ਜਾਣ ਦੇ ਸਾਧਨ, ਕਹਾਣੀ ਸੁਣਾਉਣੀ, ਨੱਚਣਾ, ਆਪਣੀ ਯੋਗਤਾ ਦਿਖਾਉਣੀ );

ਕਾਨੂੰਨ ਦੇ ਅਧੀਨ ਅਧਿਕਾਰ ਵਰਤਣ ਦੀ ਅਜ਼ਾਦੀ ਅਤੇ ਸਮਰਥਨ (ਜਿਵੇਂ ਵੋਟ ਦਾ ਅਧਿਕਾਰ, ਕਾਨੂੰਨੀ ਕਾਰਵਾਈ ਆਦਿ );
ਆਰ.ਐਸ.ਸੀ.ਐਲ. ਸੇਵਾਵਾਂ ਪ੍ਰਾਪਤ ਵਿਅਕਤੀ ਨੂੰ ਆਪਣੀ ਨਿਜੀ ਜਾਣਕਾਰੀ ਹਾਸਲ ਕਰਨ ਦਾ ਅਧਿਕਾਰ;

ਅਡਲਟ ਸਰਵਿਸਸ ਰਾਈਟਸ ਸਟੇਟਮੈਂਟ ਵਿੱਚ ਬਦਲਾਵਾਂ ਅਤੇ ਵਾਧਿਆਂ ਦਾ ਸੁਝਾ ਅਤੇ ਆਰ.ਐਸ.ਸੀ.ਐਲ. ਵਲੋਂ ਇਹਨਾਂ ਸੁਝਾਵਾਂ ਤੇ ਗੰਭੀਰਤਾ ਨਾਲ ਵਿਚਾਰ ਕਰਨ ਦਾ ਅਧਿਕਾਰ;

ਅਧਿਕਾਰਾਂ ਅਤੇ ਜ਼ਿੰਮੇਵਾਰੀਆਂ ਦੀ ਜਾਣਕਾਰੀ ਪ੍ਰਾਪਤ ਕਰਨ ਦਾ ਅਧਿਕਾਰ;

ਪਰਿਵਾਰਕ ਰਚਨਾ ਅਤੇ ਲਿੰਗ ਜਾਣਕਾਰੀ ਦੇ ਭੇਦ ਭਾਵ ਤੋਂ ਬਿਨਾਂ ਇਹਨਾਂ ਅਧਿਕਾਰਾਂ ਨੂੰ ਮਾਨਣ ਦਾ ਅਧਿਕਾਰ;

**March 2004**